ISSN: 2584-0231(Online)
International Journal of Multidisciplinary Research in Arts, Science and Technology
Volume 4 | Issue 10 | October 2026
Available online at: https://ijmrast.com
DOI: https://doi.org/10.59828/ijmrast.v4i10.329

ਸ਼ਾਹ ਹੁਸੈਨ ਕਾਵਿ: ਵਿਸਮਾਦੀ ਅਨੁਭਵ

ਡਾ. ਮਨਦੀਪ ਸਿੰਘ

ਐਸੋਸੀਏਟ ਪ੍ਰੋਫ਼ੈਸਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ, ਜਲੰਧਰ
Email: mandeep.sbbsu@gmail.com
ORCID ID: https://orcid.org/0009-0002-3372-2379

Abstract (ਆਬਸਟ੍ਰੈਕਟ)

ਸ਼ਾਹ ਹੁਸੈਨ ਦੇ ਸਮੁੱਚੇ ਕਾਵਿ ਵਿੱਚ ਵਿਸਮਾਦੀ ਰਹੱਸ-ਅਨੁਭੂਤੀ ਦੀ ਅਭਿਵਿਅਕਤੀ ਹੋਈ ਹੈ। ਸ਼ਾਹ ਹੁਸੈਨ ਅਨੁਸਾਰ ਸੂਫ਼ੀ ਸਾਧਨਾ ਦਾ ਅੰਤਿਮ ਲਕਸ਼ ਕਿਤੇ ਬਾਹਰਵਾਰ ਨਾ ਹੋ ਕੇ ਅੰਤਰਮਨ ਦੀਆਂ ਧੁਰ ਡੂੰਘਾਈਆਂ ਵਿਚ ਸਥਿਤ ਹੈ। ਉਸ ਦਾ ਵਿਸਮਾਦੀ ਅਨੁਭਵ ਗ੍ਰੰਥਾਂ ਸ਼ਾਸਤਰਾਂ ਦੇ ਅਧਿਐਨ ਉੱਤੇ ਨਹੀਂ, ਅੰਤਰਮੁਖੀ ਰੂਹਾਨੀ ਮਸਤੀ ਦੇ ਆਲਮ ਉੱਤੇ ਅਧਾਰਿਤ ਹੈ। ਸ਼ਾਹ ਹੁਸੈਨ ਦਾ ਵਿਸਮਾਦੀ ਅਨੁਭਵ 'ਵਹਿਦਤ-ਉਲ-ਵਜੂਦ' ਸੰਕਲਪ ਰਾਹੀਂ ਜਾਗਦਾ ਹੈ। ਕਿਉਂਕਿ ਸ਼ਾਹ ਹੁਸੈਨ ਦੇ ਖ਼ੁਦਾ ਦਾ ਵਾਸਾ ਸਾਰੇ ਦਿਖਦੇ ਅਤੇ ਅਣਦਿਖਦੇ ਸੰਸਾਰ ਵਿੱਚ ਹੈ। ਆਪਣੀ ਇਸੇ ਦ੍ਰਿਸ਼ਟੀ ਕਾਰਨ ਸ਼ਾਹ ਹੁਸੈਨ ਸਮਾਅ ਰਾਹੀਂ ਸਿੱਧਾ ਵਾਦੀ-ਏ-ਹੈਰਤ ਪਹੁੰਚਣ ਵਿੱਚ ਕਾਮਯਾਬ ਹੋਇਆ ਜਿੱਥੇ ਵਿਸਮਾਦੀ ਅਨੁਭਵ ਰਾਹੀਂ ਰੂਹ ਮੌਲਦੀ ਹੈ। ਇਸ ਖੋਜ ਪੱਤਰ ਦਾ ਮੁੱਖ ਉਦੇਸ਼ ਸ਼ਾਹ ਹੁਸੈਨ ਕਾਵਿ ਵਿੱਚ ਉਸਦੇ ਵਿਸਮਾਦੀ ਅਨੁਭਵ ਪਿੱਛੇ ਕਾਰਜਸ਼ੀਲ ਅਧਿਆਤਮਕ ਸੰਕਲਪਾਂ ਦੀ ਤਲਾਸ਼ ਕਰਨਾ ਅਤੇ ਵਿਸਮਾਦੀ ਅਨੁਭਵ ਦੀ ਅਭਿਵਿਅਕਤੀ ਦੇ ਪ੍ਰਮੁੱਖ ਬਿੰਦੂਆਂ ਨੂੰ ਉਘਾੜਨਾ ਹੈ।

ਕੁੰਜੀਵਤ ਸ਼ਬਦ: ਸ਼ਾਹ ਹੁਸੈਨ ਕਾਵਿ, ਸੂਫ਼ੀਵਾਦ, ਵਿਸਮਾਦ, ਵਿਸਮਾਦੀ ਅਨੁਭਵ

ਜਾਣ-ਪਛਾਣ

ਸੂਫ਼ੀਵਾਦ ਅਥਵਾ ਤਸੱਵੁਫ਼ ਮੁਕੰਮਲ ਇਸਲਾਮਿਕ ਰਹੱਸਵਾਦੀ ਜੀਵਨ ਦਾ ਅਜਿਹਾ ਅੰਗ ਹੈ, ਜਿਸਦੇ ਬੁਨਿਆਦੀ ਸਿਧਾਂਤ ਕੁਰਾਨ ਉੱਪਰ ਆਧਾਰਿਤ ਹਨ।'ਸੂਫ਼ੀ' ਸ਼ਬਦ ਦੀ ਉੱਤਪਤੀ 'ਸੂਫ਼' ਸ਼ਬਦ ਤੋਂ ਹੋਈ ਹੈ। ਸੂਫ਼ੀਵਾਦ ਦਾ ਆਰੰਭ ਹਜ਼ਰਤ ਮੁਹੰਮਦ ਸਾਹਿਬ ਤੋਂ ਹੀ ਮੰਨਿਆ ਜਾ ਸਕਦਾ ਹੈ। ਉਹਨਾਂ ਤੋਂ ਬਾਅਦ ਇਹ ਬਹੁਤ ਸਾਰੇ ਮੁਲਕਾਂ ਵਿੱਚ ਫ਼ੈਲ ਗਿਆ। ਪੰਜਾਬ ਚਿਸ਼ਤੀ, ਕਾਦਰੀ, ਸੁਹਰਾਵਰਦੀ ਅਤੇ ਨਕਸ਼ਬੰਦੀ ਸਿਲਸਿਲਿਆਂ ਦੀਆਂ ਸੂਫ਼ੀ ਗਤੀਵਿਧੀਆਂ ਦਾ ਮਹੱਤਵਪੂਰਨ ਖੇਤਰ ਰਿਹਾ ਅਤੇ ਪੰਜਾਬੀ ਸੂਫ਼ੀ ਕਾਵਿ ਦਾ ਵਿਧੀਵਤ ਆਰੰਭ ਸ਼ੇਖ਼ ਫ਼ਰੀਦ ਸ਼ਕਰਗੰਜ ਨਾਲ ਹੋਇਆ।

ਇਸਲਾਮੀ ਸਾਹਿਤ ਵਿੱਚ ਸੂਫ਼ੀ ਦਰਵੇਸ਼ ਲਈ ਵਲੀ-ਅੱਲਾਹ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸਦਾ ਅਰਥ ਹੈ ਅੱਲਾਹ ਦਾ ਦੋਸਤ। ਵਲੀ ਦਾ ਬਹੁਵਚਨ ਔਲੀਆ ਹੈ। ਇਸ ਤਰ੍ਹਾਂ ਵਲੀ ਜਾਂ ਔਲੀਆ ਰੱਬ ਦੇ ਦੋਸਤ ਹਨ। ਇਸਲਾਮ ਵਿੱਚ ਇਹਨਾਂ ਦਾ ਮਰਤਬਾ ਸਿਹਾਬਾ-ਏ-ਕਿਰਾਮ ਤੋਂ ਬਾਅਦ ਸਭ ਤੋਂ ਉੱਚਤਮ ਹੈ।[1] ਉਰਦੂ ਦਾਇਰਾ-ਏ-ਮਆਰਫ਼-ਏ-ਇਸਲਾਮੀਆ ਅਨੁਸਾਰ, "ਸੂਫ਼ੀ ਸ਼ਬਦ ਇੱਕ ਲਕਬ ਵਜੋਂ ਸਭ ਤੋਂ ਪਹਿਲਾਂ ਅੱਠਵੀਂ ਸਦੀ ਦੇ ਦੂਜੇ ਅੱਧ ਵਿੱਚ ਕੂਫ਼ਾ ਸ਼ਹਿਰ ਦੇ ਜਾਬਿਰ ਬਿਨ ਹੱਯਾਨ ਦੇ ਨਾਮ ਨਾਲ ਪ੍ਰਯੋਗ ਕੀਤਾ ਗਿਆ। ਅਬੂ ਹਾਸ਼ਿਮ ਕੂਫ਼ੀ ਦੇ ਨਾਮ ਨਾਲ ਪਹਿਲੀ ਵਾਰ 814 ਈ. ਵਿੱਚ ਇਸ ਸ਼ਬਦ ਦੇ ਬਹੁਵਚਨ ਰੂਪ 'ਸੂਫ਼ੀਆ' ਦਾ ਪ੍ਰਯੋਗ ਕੀਤਾ ਗਿਆ।[2] ਪ੍ਰੋਫ਼ੈਸਰ ਖ਼ਲੀਕ ਅਹਿਮਦ ਨਿਜ਼ਾਮੀ ਅਨੁਸਾਰ, "ਸੂਫ਼ੀ ਲਫ਼ਜ਼ ਹਜ਼ਰਤ ਹਸਨ ਬਸਰੀ (ਰਜ਼ੀ.) ਦੇ ਜ਼ਮਾਨੇ ਵਿੱਚ ਪ੍ਰਚਲਿਤ ਸੀ ਅਤੇ ਉਹਨਾਂ ਦਾ ਯੁੱਗ ਸਿਹਾਬੀਆਂ ਦਾ ਯੁੱਗ ਸੀ"।[3] ਬਸਰੇ ਦੇ ਜਾਹੀਜ ਨੇ ਪਹਿਲੀ ਵਾਰ ਸੂਫ਼ੀ ਸ਼ਬਦ ਦਾ ਲਿਖਤੀ ਰੂਪ ਵਿੱਚ ਪ੍ਰਯੋਗ ਕੀਤਾ।[4] ਹਜ਼ਰਤ ਇਮਾਮ ਕੁਰੇਸ਼ੀ ਅਨੁਸਾਰ ਸੂਫ਼ੀ ਸ਼ਬਦ ਦਾ ਪ੍ਰਚਲਨ 822 ਈ. ਤੱਕ ਆਮ ਹੋ ਗਿਆ ਸੀ।[5]

ਸ਼ਾਹ ਹੁਸੈਨ ਦਾ ਸੰਬੰਧ ਸੁਹਰਾਵਰਦੀ ਮਲਾਮਤੀ ਸੰਪ੍ਰਦਾਇ ਨਾਲ ਸੀ, ਜੋ ਅਸਲ ਵਿੱਚ ਸੁਹਰਾਵਰਦੀ ਸੰਪ੍ਰਦਾਇ ਦੇ ਅਧਿਆਤਮਕ ਅਤੇ ਗਿਆਨਮਈ ਅਨੁਭਵ ਨੂੰ ਮਾਮੂਲੀ ਫ਼ਰਕ ਨਾਲ ਧਾਰਨ ਕਰਦਾ ਹੈ। ਸੁਹਰਾਵਰਦੀ ਸਿਲਸਿਲੇ ਵਿੱਚ ਸਾਹ ਬੰਦ ਕਰਕੇ 'ਅੱਲਾਹ ਹੂ'ਦਾ ਵਿਰਦ ਕਰਨ ਦਾ ਵਿਸ਼ੇਸ਼ ਪ੍ਰਚਲਨ ਹੈ। ਇਸ ਵਿੱਚ ਜ਼ਿਕਰ-ਏ-ਜਲੀ ਅਤੇ ਜ਼ਿਕਰ-ਏ-ਖ਼ਫ਼ੀ ਦੋਵਾਂ 'ਤੇ ਬਲ ਦਿੱਤਾ ਜਾਂਦਾ ਹੈ। ਮਲਾਮਤੀ ਸਿਲਸਿਲਾ ਸੁਹਰਾਵਰਦੀ ਸਿਲਸਿਲੇ ਦੀ ਮਰਿਯਾਦਾ ਦੇ ਧਰਾਤਲ ਉੱਤੇ ਟਿਕਿਆ ਹੋਣ ਕਰਕੇ ਉਸਨੂੰ ਸੁਹਰਾਵਰਦੀ ਸਿਲਸਿਲੇ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਸੁਹਰਾਵਰਦੀ ਸੰਪ੍ਰਦਾਇ ਵਿੱਚੋਂ ਸਮਾਂ ਪਾ ਕੇ ਅੱਗੇ ਹੋਰ ਕਈ ਮਹੱਤਵਪੂਰਨ ਸੰਪ੍ਰਦਾਵਾਂ ਦਾ ਆਗ਼ਾਜ਼ ਹੋਇਆ ਜਿਵੇਂ ਮਲਾਮਤੀਆ, ਜਲਾਲੀਆ ਅਤੇ ਲਾਲ ਸ਼ਾਹਬਾਜ਼ੀਆ ਆਦਿ।[6] ਮਲਾਮਤੀ ਸ਼ਬਦ ਮਲਾਮਤ ਤੋਂ ਬਣਿਆ ਜਿਸਦਾ ਅਰਥ ਹੈ ਕਿ ਅੱਲਾਹ ਦੇ ਰਸਤੇ ਵਿੱਚ ਸੱਚੇ ਕਰਮ ਕਰਦਿਆਂ ਦੁਨੀਆਂ ਦਾ ਡਰ ਨਾ ਰੱਖਣਾ। ਮਲਾਮਤੀ ਸੂਫ਼ੀ ਦੁਨਿਆਵੀ ਸ਼ੁਹਰਤ, ਮਸ਼ਹੂਰੀ, ਨਾਮਣੇ ਤੋਂ ਪੱਲਾ ਛਡਾਉਂਦੇ ਹਨ। ਜਾਹਨ ਏ ਸੁਬਰਾਨ ਮਲਾਮਤੀ ਸੰਪਰਦਾ ਦਾ ਮੋਢੀ ਮਿਸਰ ਦੇ ਜ਼ੁਲਨੂਨ ਮਿਸਰੀ ਨੂੰ ਮੰਨਦਾ ਹੈ ਜੋ ਅਜ਼ਾਦ ਸੋਚ ਵਾਲਾ ਸੂਫ਼ੀ ਸਾਧਕ ਸੀ। ਹਮਦੁਨਲ ਕੱਸਾਰ ਨੇ ਇਸ ਸਿਲਸਿਲੇ ਨੂੰ ਅੱਗੇ ਤੋਰਿਆ। 16 ਵੀਂ ਸਦੀ ਵਿੱਚ ਬਸਰੇ ਦੇ ਮੁੱਲਾਂ ਸ਼ੇਖ ਹਮਜਾ ਰਾਹੀਂ ਇਹ ਸਿਲਸਿਲਾ ਆਪਣੀ ਸਥਾਈ ਰੂਪ ਧਾਰਨ ਕਰ ਜਾਂਦਾ ਹੈ। ਸ਼ਾਹ ਹੁਸੈਨ ਨੂੰ ਮਲਾਮਤੀਆ ਦਾ ਸੇਖ ਮੰਨਿਆ ਗਿਆ ਹੈ। ਇਸ ਫਿਰਕੇ ਦੇ ਲੋਕ ਅਜੀਬ-ਅਜੀਬ ਵਿਵਹਾਰ ਕਰਦੇ ਸਨ। ਮੂੰਹ ਸਿਰ ਮੁਨਾ ਕੇ ਗਾਉਂਦੇ ਵਜਾਉਂਦੇ ਮਸਤੀ ਵਿੱਚ ਰਹਿੰਦੇ ਸਨ। ਮਲਾਮਤੀ ਫਿਰਕੇ ਦੇ ਸੂਫ਼ੀਆਂ ਦੀ ਗਿਣਤੀ ਬਾਗਿ-ਔਲੀਆ-ਇ-ਹਿੰਦ ਵਿੱਚ ਨੌ ਹਜ਼ਾਰ ਦੱਸੀ ਗਈ ਹੈ।[7] ਵਿਭਿੰਨ ਸੂਫ਼ੀ ਸੰਪ੍ਰਦਾਵਾਂ ਵਿੱਚ ਭਾਵੇਂ ਕੁੱਝ ਵਿਲੱਖਣਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ, ਮਿਜ਼ਾਜ ਅਤੇ ਪ੍ਰਕਿਰਤੀ ਵਿੱਚ ਅੰਤਰ ਦਿਖਾਈ ਦਿੰਦਾ ਹੈ ਪਰੰਤੂ ਫਿਰ ਵੀ ਮੰਤਵ ਪੱਖੋਂ ਸਭ ਸੰਪ੍ਰਦਾਵਾਂ ਇੱਕਮਿਕਤਾ ਦੀਆਂ ਧਾਰਨੀ ਹਨ। ਲੱਗਭੱਗ ਸਾਰੀਆਂ ਹੀ ਸੰਪ੍ਰਦਾਵਾਂ ਹਜ਼ਰਤ ਹਸਨ ਬਸਰੀ ਅਤੇ ਹਜ਼ਰਤ ਅਲੀ ਦੇ ਰਾਹੀਂ ਹਜ਼ਰਤ ਮੁਹੰਮਦ ਸਾਹਿਬ ਤੱਕ ਪਹੁੰਚਦੀਆਂ ਹਨ।

ਸ਼ਾਹ ਹੁਸੈਨ ਦੇ ਰੂਹਾਨੀ ਮੁਰਸ਼ਿਦ ਸ਼ੇਖ਼ ਬਹਿਲੋਲ (ਰਹਿ.) ਸਨ। ਜੀਵਨ ਦੇ ਆਰੰਭਿਕ ਛੱਤੀ ਸਾਲ ਹਾਫ਼ਿਜ਼ ਸ਼ਾਹ ਹੁਸੈਨ ਨੇ ਇਸਲਾਮੀ ਵਿੱਦਿਆ ਦੀ ਜਾਣਕਾਰੀ, ਸ਼ਰੀਅਤ ਦੀ ਪੈਰਵੀ ਅਤੇ ਬੇਹੱਦ ਇਬਾਦਤ ਕਰਦਿਆਂ ਗੁਜ਼ਾਰੇ। ਇੱਕ ਹਿੰਦੂ ਮੁੰਡੇ ਮਾਧੋ ਲਾਲ ਨਾਲ ਇਸ਼ਕ-ਏ-ਹਕੀਕੀ ਦੇ ਇਲਾਹੀ ਜਜ਼ਬੇ ਸਦਕਾ ਸ਼ਾਹ ਹੁਸੈਨ ਦੀ ਜ਼ਿੰਦਗੀ ਵਿੱਚ ਇੱਕ ਅਧਿਆਤਮਕ ਇਨਕਲਾਬ ਆ ਗਿਆ ਅਤੇ ਉਹ ਧਾਰਮਿਕ ਕਰਮ-ਕਾਂਦ ਤੋਂ ਬੇਮੁੱਖ ਹੋ ਕੇ ਮਸਤ ਦਰਵੇਸ਼ਾਂ ਵਾਲਾ ਜੀਵਨ ਬਤੀਤ ਕਰਨ ਲੱਗ ਪਿਆ।[8]

ਸ਼ਾਹ ਹੁਸੈਨ ਦਾ ਵਿਸਮਾਦੀ ਅਨੁਭਵ:

ਸੂਫ਼ੀ ਸਾਧਨਾ ਰਹੱਸਵਾਦੀ ਸਾਧਨਾ ਹੈ। ਇਸ ਲਈ ਸ਼ਾਹ ਹੁਸੈਨ ਦੇ ਸਮੁੱਚੇ ਕਾਵਿ ਵਿੱਚ ਵਿਸਮਾਦੀ ਰਹੱਸ-ਅਨੁਭੂਤੀ ਦੀ ਅਭਿਵਿਅਕਤੀ ਹੋਈ ਹੈ। ਅਜਿਹੀ ਅਭਿਵਿਅਕਤੀ ਵੇਲੇ ਵਿਸਮਾਦੀ ਅਤੇ ਰਹੱਸਮਈ ਅਨੁਭੂਤੀ ਦਾ ਕੋਈ ਸਿਧਾਂਤ ਬਣਾਉਣਾ ਨਾ ਹੀ ਸੰਭਵ ਹੈ ਅਤੇ ਨਾ ਹੀ ਢੁੱਕਵਾਂ ਹੈ ਕਿਉਂਕਿ ਅਧਿਆਤਮਕ ਯਾਤਰਾ ਵਿੱਚ ਭੌਤਿਕ ਵਰਤਾਰੇ ਤਾਂ ਕਿਸੇ ਨਿਯਮ ਵਿੱਚ ਬੰਨ੍ਹੇ ਜਾ ਸਕਦੇ ਹਨ ਪਰੰਤੂ ਸੂਖ਼ਮ, ਰਹੱਸਮਈ ਅਤੇ ਵਿਸਮਾਦੀ ਅਨੁਭਵ ਨਿਰੋਲ ਸਬਜੈਕਟਿਵ ਮਸਲਾ ਹੈ। ਸੋ ਇਹਨਾਂ ਅੰਦਰੂਨੀ ਅਨੁਭਵਾਂ ਨੂੰ ਸਪੱਸ਼ਟ-ਅਸਪੱਸ਼ਟ ਢੰਗ (ਵਕ੍ਰੋਕਤੀ/ ਅਲੰਕ੍ਰਿਤ ਭਾਸ਼ਾ) ਨਾਲ ਵੱਖ-ਵੱਖ ਪ੍ਰਤੀਕਾਂ ਅਤੇ ਚਿਹਨਾਂ ਦੁਆਰਾ ਪ੍ਰਗਟ ਕਰਨ ਦਾ ਯਤਨ ਕੀਤਾ ਜਾਂਦਾ ਹੈ। ਅਜਿਹੇ ਕਥਨਾਂ ਵਿੱਚੋਂ ਸਿੱਧਾਂਤਕ ਨੁਕਤਿਆਂ ਨੂੰ ਲੱਭਿਆ ਜਾ ਸਕਦਾ ਹੈ ਪਰੰਤੂ ਇਹ ਵਰਤਾਰਾ ਬੌਧਿਕ ਮੰਡਲ ਤੇ ਘਟਿਤ ਹੋਵੇਗਾ ਸੋ ਸੁਭਾਵਿਕ ਹੈ ਕਿ ਚਿੰਤਨ ਸੰਬੰਧੀ ਮਿਲੇ ਸੰਕੇਤਾਂ ਵਿੱਚ ਸਬਜੈਕਟਿਵ ਐਰਰ ਆ ਸਕਦੇ ਹਨ।

ਸ਼ਾਹ ਹੁਸੈਨ ਨੇ ਸੂਫ਼ੀ ਅਨੁਭਵਾਂ ਦੇ ਪ੍ਰਗਟਾਅ ਲਈ ਪੰਜਾਬੀ ਕਵਿਤਾ ਵਿੱਚ 'ਕਾਫ਼ੀ' ਦੀ ਵਰਤੋਂ ਸਭ ਤੋਂ ਪਹਿਲਾਂ ਕੀਤੀ। ਸ਼ਾਹ ਹੁਸੈਨ ਸਮੇਂ ਗੁਰਮਤਿ ਲਹਿਰ ਪ੍ਰਚਲਿਤ ਹੋ ਚੁੱਕੀ ਸੀ ਅਤੇ ਭਗਤੀ ਲਹਿਰ ਵੀ ਸਿਖਰਾਂ ਤੇ ਸੀ। ਬਾਬਾ ਫ਼ਰੀਦ ਦੀ ਰਚਨਾ ਵੀ ਸ਼ਾਹ ਹੁਸੈਨ ਲਈ ਉਪਲੱਬਧ ਸੀ। ਸ਼ਾਹ ਹੁਸੈਨ ਕਾਵਿ ਦੀ ਇਹ ਵਿਲੱਖਣਤਾ ਹੈ ਕਿ ਉਸਨੇ ਸੂਫ਼ੀ ਮੱਤ ਦੇ ਕਿਸੇ ਵੀ ਸਥਾਪਿਤ ਨਿਯਮਾਂ ਅਨੁਸਾਰ ਕਾਵਿ ਸਿਰਜਣਾ ਨਹੀਂ ਕੀਤੀ। ਹਾਲਾਂਕਿ ਉਸ ਦੀ ਕਵਿਤਾ ਵਿੱਚ ਤਿੰਨ ਪ੍ਰਮੁੱਖ ਸਿਧਾਂਤ ਉਜਾਗਰ ਹੁੰਦੇ ਹਨ:

ੳ) ਵਿਛੋੜਾ: ਜੀਵ ਆਤਮਾ ਦਾ ਪਰਮਾਤਮਾ ਤੋਂ ਵਿਛੋੜਾ ਹੋਇਆ ਹੈ।

ਅ) ਪ੍ਰੇਮ ਜੁਗਤੀ: ਜੀਵ ਆਤਮਾ ਪਰਮਾਤਮਾ ਨੂੰ ਪ੍ਰੇਮ ਭਾਵ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

ੲ) ਵਸਲ: ਜੀਵ ਆਤਮਾ ਵਿੱਚ ਪਰਮਾਤਮਾ ਨਾਲ ਅਭੇਦ ਹੋਣ ਦੀ ਇੱਛਾ ਪ੍ਰਬਲ ਹੈ।

ਉਸ ਦੀ ਰਚਨਾ ਸੂਫ਼ੀ ਮੱਤ ਦੀਆਂ ਸੱਤ ਵਾਦੀਆਂ ਅਤੇ ਚਾਰ ਪੜਾਵਾਂ ਵਿੱਚੋਂ ਸਰਲ ਹੋ ਕੇ ਲੰਘਦੀ ਪ੍ਰਤੀਤ ਹੁੰਦੀ ਹੈ। ਉਸਦੀ ਰਚਨਾ ਕਿਸੇ ਜਥੇਬੰਦਕ ਭਾਵਨਾ ਤੋਂ ਮੁਕਤ ਹੈ। ਉਸਦੀ ਰਚਨਾ ਵਿੱਚ ਤਾਂਘ ਅਤੇ ਖਿੱਚ ਮੂਲ ਸੋਮਾ ਹੈ। ਇਸੇ ਲਈ ਡਾ. ਹਰਜਿੰਦਰ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਸ਼ਾਹ ਹੁਸੈਨ ਦਾ ਕਲਾਮ ਅਧਿਆਤਮਕ ਜਾਂ ਮਾਨਸਿਕ ਭੁੱਖ ਦੀ ਤ੍ਰਿਪਤੀ ਹੀ ਨਹੀਂ ਕਰਦਾ ਬਲਕਿ ਇਸਦੀਆਂ ਸੰਗੀਤਕ ਧੁਨਾਂ ਰੂਹਾਨੀ ਆਨੰਦ ਵੀ ਪ੍ਰਦਾਨ ਕਰਦੀਆਂ ਹਨ।[9]

ਸ਼ਾਹ ਹੁਸੈਨ ਇਸਲਾਮੀ ਚਿੰਤਨ ਵਿੱਚਲੇ ਤੌਹੀਦ ਭਾਵ ਇੱਕ ਈਸ਼ਵਰਵਾਦ ਸੰਬੰਧੀ ਪ੍ਰੋੜਤਾ ਕਰਦਾ ਹੈ ਅਤੇ ਲਿਖਦਾ ਹੈ ਕਿ ਇੱਕ ਰੱਬ ਤੋਂ ਬਿਨਾਂ ਕਿਸੇ ਦੂਸਰੇ ਰੱਬ ਦੀ ਕੋਈ ਹੋਂਦ ਨਹੀ ਹੈ। ਤੌਹੀਦ ਦਾ ਸਿਧਾਂਤ ਇਸਲਾਮ ਅਤੇ ਸੂਫ਼ੀ ਚਿੰਤਨ ਦਾ ਮੁੱਢਲਾ ਅਤੇ ਬੁਨਿਆਦੀ ਸਿਧਾਂਤ ਹੈ। ਸ਼ਾਹ ਹੁਸੈਨ ਕਾਵਿ ਵਿੱਚ ਤੌਹੀਦ ਤੋਂ ਬਿਨਾਂ ਵਹਿਦਤ-ਉਲ-ਵਜੂਦ ਦਾ ਸਿਧਾਂਤ ਵੀ ਪੇਸ਼ ਹੋਇਆ ਮਿਲਦਾ ਹੈ ਜਿਸ ਨੂੰ ਫ਼ਾਰਸੀ ਵਿੱਚ ਹਮਾਓਸਤ (ਸਭ ਕੁਝ ਖ਼ੁਦਾ ਹੈ) ਕਿਹਾ ਜਾਂਦਾ ਹੈ। ਸ਼ਾਹ ਹੁਸੈਨ ਕਾਵਿ-ਰਚਨਾ ਸਮੁੱਚੇ ਰੂਪ ਵਿੱਚ ਇਸ਼ਕ 'ਤੇ ਅਧਾਰਿਤ ਰੱਬੀ ਮਾਰਫ਼ਤ ਨਾਲ ਲਬਰੇਜ਼ ਹੈ। ਵਹਿਦਤ-ਉਲ-ਵਜੂਦ ਦਾ ਸਿਧਾਂਤ ਜਦੋਂ ਰੂਹਾਨੀਅਤ ਦੇ ਰੰਗ ਵਿੱਚ ਕਾਵਿਕ ਅਭਿਵਅਕਤੀ ਦਾ ਰੂਪ ਧਾਰਨ ਕਰਦਾ ਹੈ ਤਾਂ ਕੁਰਆਨ ਸ਼ਰੀਫ਼ ਦੀਆਂ ਆਇਤਾਂ ਅਤੇ ਸ਼ਾਹ ਹੁਸੈਨ ਕਾਵਿ ਦੀਆਂ ਪੰਕਤੀਆਂ ਵਿੱਚ ਭਾਵ ਅਰਥ ਵਜੋਂ ਕੋਈ ਅੰਤਰ ਦਿਖਾਈ ਨਹੀਂ ਦਿੰਦਾ। ਸ਼ਾਹ ਹੁਸੈਨ ਜਦੋਂ ਆਖਦਾ ਹੈ ਕਿ 'ਰੱਬਾ ਮੇਰੇ ਹਾਲ ਦਾ ਮਹਿਰਮ ਤੂੰ, ਅੰਦਰਿ ਤੂੰ ਹੈਂ, ਬਾਹਰਿ ਤੂੰ ਹੈਂ, ਰੋਮਿ ਰੋਮਿ ਵਿਚਿ ਤੂੰ'ਤਾਂ ਉਹ ਕੁਰਆਨ ਮਤਾਬਿਕ ਅੱਲਾਹ ਦੇ ਜਲਵੇ ਨੂੰ ਹੀ ਪ੍ਰਗਟਾਅ ਰਿਹਾ ਹੁੰਦਾ ਹੈ।

ਉਹ ਆਪਣਾ ਕਾਵਿਕ ਮੁਹਾਵਰਾ ਇਸਲਾਮੀ ਪਰੰਪਰਾ ਵਿੱਚੋਂ ਵੀ ਘੜ੍ਹਦਾ ਹੈ ਅਤੇ ਪੰਜਾਬੀ ਲੋਕ ਜੀਵਨ ਵਿੱਚੋਂ ਵੀ ਸਰੋਦੀ ਪੱਖ ਦਾ ਨਿਰਮਾਣ ਕਰਦਾ ਹੈ। ਤ੍ਰਿੰਝਣ, ਸੂਈ-ਧਾਗਾ, ਸਾਲੂ, ਦਾਜ, ਚਰਖਾ, ਪੂਣੀ ਆਦਿ ਨਿਤਾਪ੍ਰਤੀ ਵਰਤੀਂਦੀਆਂ ਵਸਤਾਂ ਨੂੰ ਉਹਨਾਂ ਨੇ ਅਧਿਆਤਮਕ ਅਰਥ ਪ੍ਰਦਾਨ ਕੀਤੇ ਹਨ। ਉਹ ਸੂਫ਼ੀ ਦਰਸ਼ਨ ਦੇ ਮੂਲਮੰਤਰ ਚੋਂ ਆਪਣਾ ਮੁਹਾਵਰਾ ਘੜ੍ਹਦਾ ਹੋਇਆ ਵਾਰ-ਵਾਰ ਗੂੰਜ ਪੈਦਾ ਕਰਦਾ ਹੈ ਕਿ ਮਰਨ ਤੋਂ ਪਹਿਲਾਂ ਮਰ ਜਾਣਾ ਹੀ ਸੂਫ਼ੀ ਸਾਧਨਾ ਦਾ ਅਸਲ ਰਹੱਸ ਹੈ। ਉਸ ਲਈ ਫੋਕਟ ਜ਼ਾਬਤੇ-ਬਿਭੂਤ, ਤਾੜੀ, ਫਾਕੇ ਚਾਲੀਹੇ ਅਤੇ ਪਾਠ-ਪੂਜਾ ਵੀ ਬੇਮਾਅਨੀ ਹਨ। ਉਹ ਰੱਬ ਦੀ ਪ੍ਰਾਪਤੀ ਲਈ ਇਸ਼ਕ ਦਾ ਮਾਰਗ ਚੁਣਦਾ ਹੈ ਅਤੇ ਇਸੇ ਵਿੱਚੋਂ ਉਹ ਖਿਆਲ ਪੈਦਾ ਕਰਦਾ ਹੈ। ਹਾਲਾਂਕਿ ਇਹ ਗੱਲ ਵੀ ਸੱਚ ਹੈ ਕਿ ਉਸ ਨੇ ਉਹ ਪ੍ਰਤੀਕ, ਬਿੰਬ ਆਦਿ ਆਪਣੀ ਰਚਨਾ ਵਿੱਚ ਲੈ ਲਏ ਜੋ ਕਲਾ ਅਤੇ ਜਜ਼ਬੇ ਅਧੀਨ ਘੇਰੇ ਵਿੱਚ ਸ਼ਾਮਿਲ ਹੋ ਰਹੇ ਸਨ। ਉਸਨੇ ਵਰਤੇ ਗਏ ਸ਼ਬਦਾਂ, ਮੁਹਾਵਰ੍ਹਿਆਂ ਨੂੰ ਕਵਿਤਾ ਵਿੱਚ ਸ਼ਾਮਿਲ ਤਾਂ ਕੀਤਾ ਪਰ ਉਹਨਾਂ ਪਿੱਛਲੇ ਸਿਧਾਂਤਾਂ ਨੂੰ ਸਹਿਮਤ ਜਾਂ ਅਸਹਿਮਤ ਹੋ ਕੇ ਪ੍ਰਗਟ ਨਹੀਂ ਕੀਤਾ। ਉਦਾਹਰਨ ਵਜੋਂ ਵੇਖਿਆਂ ਪਤਾ ਲੱਗੇਗਾ ਕਿ ਇੱਕ ਪਾਸੇ ਉਹ ਆਰੀਅਨ ਪਰੰਪਰਾ ਵਿੱਚੋਂ ਆਵਾਗਵਣ (ਘੁੰਮਣਘੇਰ) ਦਾ ਸਿਧਾਂਤ ਆਪਣੀ ਕਵਿਤਾ ਵਿੱਚ ਵਰਤਦਾ ਹੈ ਅਤੇ ਦੂਜੇ ਪਾਸੇ ਉਹ ਇਸਲਾਮ ਅਨੁਸਾਰ ਮਨੁੱਖ ਦੇ ਇੱਕ ਵਾਰ ਹੀ ਜਨਮ ਲੈਣ ਦੀ ਵੀ ਪ੍ਰੋੜ੍ਹਤਾ ਕਰਦਾ ਹੈ। ਪਰੰਤੂ ਇਹਨਾਂ ਦੋਹਾਂ ਧਾਰਨਾਵਾਂ ਵਿੱਚ ਜੋ ਬੁਨਿਆਦੀ ਨੁਕਤਾ ਸਾਂਝਾ ਹੈ ਉਹ ਹੈ ਵਿਸਮਾਦ। ਸੂਫ਼ੀ ਮੱਤ ਦੀਆਂ ਸੱਤ ਵਾਦੀਆਂ ਮੰਨੀਆਂ ਗਈਆਂ ਹਨ:

1. ਵਾਦੀ-ਏ-ਤਲਬ : ਇਹ ਜਗਿਆਸਾ ਜਾਗਣ/ ਉੱਠਣ ਦੀ ਅਵਸਥਾ ਹੈ।
2. ਵਾਦੀ-ਏ-ਇਸ਼ਕ: ਇਹ ਦੂਜੀ ਅਵਸਥਾ ਹੈ। ਇੱਥੇ ਪ੍ਰੇਮ ਭਾਵਨਾ ਉਮੜਦੀ ਹੈ।
3. ਵਾਦੀ-ਏ-ਮਾਰਫ਼ਤ: ਇਹ ਤੀਜੀ ਅਵਸਥਾ ਗਿਆਨ ਦੀ ਅਵਸਥਾ ਹੈ।
4. ਵਾਦੀ-ਏ-ਮਹਵੀਅਤ: ਗਿਆਨ ਉਪਰੰਤ ਸਾਧਨਾ ਵਿੱਚ ਲੀਨ ਹੋਣ ਦੀ ਅਵਸਥਾ ਆਉਂਦੀ ਹੈ।
5. ਵਾਦੀ-ਏ-ਵਹਿਦਤ: ਇਸਨੂੰ ਅਦਵੈਤ ਅਵਸਥਾ ਕਿਹਾ ਜਾਂਦਾ ਹੈ।
6. ਵਾਦੀ-ਏ-ਹੈਰਤ: ਇਹ ਅਵਸਥਾ ਵਿਸਮਾਦ ਦੀ ਅਵਸਥਾ ਹੈ।
7. ਵਾਦੀ-ਏ-ਫ਼ਨਾਹ: ਇਹ ਪਰਮ ਸ਼ਕਤੀ ਵਿੱਚ ਅਭੇਦ ਹੋ ਜਾਣ ਦੀ ਅਵਸਥਾ ਹੈ।[10]

ਇੱਥੇ ਇਹ ਵਾਦੀਆਂ ਜਾਂ ਮੰਡਲ ਇੱਕ ਦੂਜੇ ਦੇ ਹੌਰੀਜ਼ੌਂਟਲ ਨਾ ਹੋ ਕੇ ਵਰਟੀਕਲ ਹੁੰਦੀਆਂ ਹਨ। ਇਸ ਨੁਕਤੇ ਨੂੰ ਅਸੀਂ ਸ਼ਾਹ ਹੁਸੈਨ ਕਾਵਿ ਵਿੱਚ ਮੌਜੂਦ ਸਮਾਅ ਤੱਤ ਤੋਂ ਪ੍ਰਗਟ ਹੋ ਰਹੇ ਵਿਸਮਾਦ ਨੂੰ ਆਧਾਰ ਬਣਾ ਕੇ ਖੋਲ੍ਹਣ ਦਾ ਯਤਨ ਕਰਦੇ ਹਾਂ। ਸ਼ਾਹ ਹੁਸੈਨ ਦਾ ਸਾਰਾ ਕਲਾਮ ਸੰਗੀਤਮਈ ਹੈ। ਸੰਗੀਤ ਜਾਂ ਸਮਾਅ ਨੂੰ ਸੂਫ਼ੀ ਸਾਧਨਾ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸਲਾਮ ਵਿੱਚ ਸਮਾਅ ਦਾ ਕਠੋਰ ਵਿਰੋਧ ਕੀਤਾ ਜਾਂਦਾ ਹੈ ਕਿਉਂਕਿ ਇਸ ਨਾਲ ਮਨ ਵਿੱਚ ਚੰਚਲਤਾ ਪੈਦਾ ਹੁੰਦੀ ਹੈ ਜੋ ਮੰਦੀਆਂ ਭਾਵਨਾਵਾਂ ਨੂੰ ਹਲੂਣਾ ਦਿੰਦੀ ਹੈ। ਪਰੰਤੂ ਜ਼ਿਆਦਾਤਰ ਸੂਫ਼ੀਵਾਦੀ ਸੰਪ੍ਰਦਾਵਾਂ ਵਿੱਚ ਇਸ ਨੂੰ ਸੂਫ਼ੀ ਸਾਧਨਾ ਲਈ ਇੱਕ ਬੁਨਿਆਦੀ ਤੱਤ ਮੰਨ ਕੇ ਅਧਿਆਤਮਕ ਅਤੇ ਰਹੱਸਮਈ ਅਨੁਭਵ ਦਾ ਆਧਾਰ ਖ਼ਿਆਲ ਕੀਤਾ ਗਿਆ ਹੈ। ਉਨ੍ਹਾਂ ਅਨੁਸਾਰ ਸਮਾਅ ਦਾ ਮੁੱਖ

ਆਧਾਰ ਨਾਦ ਜਾਂ ਆਵਾਜ਼ ਹੋਣ ਕਰਕੇ ਇਸ ਨਾਲ ਮਨ ਵਿੱਚ ਇੱਕ ਵਿਸਮਾਦੀ ਲੋਰ ਪੈਦਾ ਹੁੰਦੀ ਹੈ ਜੋ ਇੱਕ ਛਿਣ ਤੇ ਪਹੁੰਚ ਕੇ ਇਕਾਗਰਤਾ ਦੀ ਬੁਨਿਆਦ ਬਣਦੀ ਹੈ। ਇਸ ਲਈ ਸਮਾਅ ਨੂੰ ਮਲਾਮਤੀ ਸਿਲਸਿਲੇ ਦੇ ਸੂਫ਼ੀਆਂ ਨੇ ਜੀਵ ਲਈ ਐਸੀ ਸਾਧਨਾ ਪੱਧਤੀ ਖ਼ਿਆਲ ਕੀਤਾ ਹੈ ਜਿਸ ਰਾਹੀਂ ਉਹ ਪਰਮ-ਤੱਤ ਨਾਲ ਇੱਕ-ਮਿੱਕਤਾ ਦੀ ਅਵਸਥਾ ਨੂੰ ਪ੍ਰਾਪਤ ਕਰਨ ਲਈ ਉਤੇਜਿਤ ਹੁੰਦਾ ਹੈ। ਇਸ ਨੂੰ ਸੁਣਨ ਦੇ ਦੋ ਢੰਗ ਹਨ: ਜੋ ਜਿਗਿਆਸੂ ਇਸ ਨੂੰ ਅਧਿਆਤਮਕ ਬਿਰਤੀ ਨਾਲ ਮਾਣਦਾ ਹੈ, ਉਹ ਪਰਮ-ਵਿਸਮਾਦ ਦੀ ਪ੍ਰਾਪਤੀ ਕਰ ਲੈਂਦਾ ਹੈ ਅਤੇ ਜੋ ਕੇਵਲ ਕਰਣ-ਇੰਦਰੀ ਰਾਹੀਂ ਇਸ ਨੂੰ ਸੁਣਦੇ ਹਨ, ਉਹ ਇੰਦਰੀ-ਰਸ ਦੇ ਸੁਆਦ ਤੱਕ ਰੁਕ ਜਾਂਦੇ ਹਨ। ਇੱਥੇ ਸੁਣਨਾ ਇੱਕ ਧਾਰਮਿਕ ਅਭਿਆਸ ਪ੍ਰਕਿਰਿਆ ਵਾਂਗ ਹੁੰਦਾ ਹੈ ਅਤੇ ਮਾਨਣ ਦੀ ਅਵਸਥਾ ਅਗਲੇ ਮੰਡਲ ਤੇ ਪ੍ਰਗਟ ਹੁੰਦੀ ਹੈ। ਅਸਲ ਵਿੱਚ ਸਮਾਅ ਦੇ ਸੁਣਨ ਨਾਲ ਮਨੁੱਖ ਦੇ ਮਨ ਵਿੱਚ ਵਿਸ਼ਵਾਸ ਦਾ ਉਤਪੰਨ ਹੁੰਦਾ ਹੈ ਜੋ ਸਮਾਂ ਪਾ ਕੇ ਅਗਲੇ ਮੰਡਲ ਦਾ ਪ੍ਰਵੇਸ਼ ਦੁਆਰ ਖੋਲਦਾ ਹੈ। ਅਗਲੇ ਮੰਡਲ ਦਾ ਆਭਾਮੰਡਲ ਵਿਸਮਾਦੀ ਬਿਰਤੀ ਵਾਲਾ ਹੋਣ ਕਾਰਨ ਸਾਧਕ ਉਚੇਰੀਆਂ ਆਤਮਿਕ ਸਥਿਤੀਆਂ ਵਿੱਚ ਪਹੁੰਚ ਜਾਂਦਾ ਹੈ। ਇੱਥੇ ਇਹ ਨੁਕਤਾ ਬਹੁਤ ਮਹੀਨ ਹੈ ਕਿ ਇਹ ਮੰਡਲ ਹੌਰੀਜ਼ੌਂਟਲ ਨਾ ਹੋ ਕੇ ਵਰਟੀਕਲ ਹੁੰਦੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਸਮਾਅ ਦੇ ਸੁਣਨ ਤੋ ਉੱਪਰਲੀ ਸਟੇਜ ਮਾਨਣ ਦੀ ਹੈ ਜਿੱਥੇ ਵਿਸਮਾਦੀ ਅਨੁਭਵ ਰਾਹੀਂ ਜੀਵ ਮਨ ਪਰਮ ਵਿਰਾਟ ਸਰੂਪ ਦੇ ਜਲਾਲ ਤੋਂ ਮਿਹਰ ਪ੍ਰਾਪਤ ਕਰਦਾ ਹੈ। ਇਹੀ ਵਿਸਮਾਦੀ ਅਨੁਭਵ ਆਨੰਦ ਦੀ ਪਰਮ ਅਵਸਥਾ ਹੈ ਜਿਸ ਵਿੱਚ ਸਾਧਕ ਆਪਣੇ-ਆਪ ਨੂੰ ਭੁੱਲ ਜਾਂਦਾ ਹੈ, ਸੁੱਧ-ਬੁੱਧ ਖ਼ਤਮ ਹੋ ਜਾਂਦੀ ਹੈ ਅਤੇ ਅਗਲੀ ਵਾਦੀ ਦਾ ਰਾਹ ਖੁੱਲ੍ਹਦਾ ਹੈ। ਇਹ ਅਜਿਹਾ ਸਾਧਨ ਹੈ ਜਿਸ ਰਾਹੀਂ ਆਤਮਾ ਪਰਮਾਤਮਾ (ਪਰਮ-ਸੱਤਾ) ਨਾਲ ਸਿੱਧਾ ਸੰਬੰਧ ਸਥਾਪਿਤ ਕਰਦੀ ਹੋਈ ਅਭੇਦ ਅਵਸਥਾ ਵਿੱਚ ਪਹੁੰਚ ਜਾਂਦੀ ਹੈ। ਕਈ ਵਿਦਵਾਨ ਵਿਸਮਾਦ ਨੂੰ 'ਵਸਲ' ਤੋਂ ਪਹਿਲਾਂ ਦੀ ਸਥਿਤੀ ਮੰਨਦੇ ਹਨ।

ਵਿਸਮਾਦੀ ਅਨੁਭਵ ਅਤੇ ਸਮਾਅ

ਇਹ ਸਪੱਸ਼ਟ ਹੈ ਕਿ ਸਮਾਅ ਦੀ ਕਰਾਮਾਤੀ ਵਿਰਾਟਤਾ ਦੁਆਰਾ ਵਜਦ/ਆਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਸਾਧਕ ਕੁਝ ਸਮੇਂ ਲਈ ਸਥੂਲ ਜਗਤ ਨਾਲੋਂ ਨਾਤਾ ਤੋੜ ਕੇ ਅਦ੍ਰਿਸ਼ਟ ਦੇ ਮਹਿਮਾਮਈ ਪਾਸਾਰ ਵਿੱਚ ਮਗਨ ਹੋ ਜਾਂਦਾ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸੰਗੀਤ (ਸਮਾਅ) ਸੂਫ਼ੀ ਸਾਧਕ ਨੂੰ ਵਜਦ/ਆਨੰਦ ਵਿੱਚ ਲਿਆ ਕੇ ਵਸਲ ਨੂੰ ਮਾਣਨ ਦੇ ਯੋਗ ਬਣਾਉਂਦਾ ਹੈ। ਸ਼ਾਹ ਹੁਸੈਨ ਕਿਸੇ ਪ੍ਰਕਾਰ ਦੀ ਮਰਯਾਦਾ ਦੀ ਪਰਵਾਹ ਨਾ ਕਰਦਾ ਹੋਇਆ ਮੁਕਤ ਕੰਠ ਨਾਲ ਆਪਣੀਆਂ ਕਾਫ਼ੀਆਂ ਗਾਉਂਦਾ ਹੁੰਦਾ ਸੀ। ਇਹੀ ਕਾਰਣ ਹੈ ਕਿ ਉਸ ਦੀਆਂ ਕਾਫ਼ੀਆਂ ਬਹੁਤ ਅਧਿਕ ਸੰਗੀਤਕ ਹਨ। ਇਨਸਾਨ ਨੂੰ ਸ਼ਾਹ ਹੁਸੈਨ ਕਹਿੰਦਾ ਹੈ:

- ਤੁਸੀਂ ਰਲ ਮਿਲ ਦੇਹੁ ਮੁਬਾਰਕਾਂ, ਮੇਰਾ ਸੋਹਣਾ ਸੱਜਣ ਘਰਿ ਆਇਆ ਹੀ।
  ਜਿਸ ਸੱਜਣ ਨੂੰ ਮੈਂ ਢੂੰਢੇਂਦੀ ਵੱਤਾਂ, ਸੋ ਸਜਣ ਮੈਂ ਪਾਇਆ ਹੀ।
  ਵੇਹੜਾ ਤਾਂ ਅੰਙਣ ਮੇਰਾ, ਭਇਆ ਸੋਹਾਵਣਾ, ਮਾਥੇ ਨੂਰ ਸੁਹਾਇਆ ਹੀ।
  ਕਹੈ ਹੁਸੈਨ ਫ਼ਕੀਰ ਨਿਮਾਣਾ, ਮੁਰਸ਼ਦ ਦੋਸਤ ਮਿਲਾਇਆ ਹੀ।[11]

ਮੌਸਿਕੀ ਜਾਂ ਰਾਗ ਵਿੱਦਿਆ ਦੀ ਉਸ ਸਮੇਂ ਚੜ੍ਹਤ ਵੇਖ ਕੇ ਸ਼ਾਹ ਹੁਸੈਨ ਨੇ ਮੁਖ਼ਤਲਿਫ਼ ਰਾਗਾਂ-ਰਾਗਣੀਆਂ ਅਤੇ ਕਾਫ਼ੀਆਂ ਲਿਖੀਆਂ ਜੋ ਪੰਜਾਬੀ ਬੋਲੀ ਵਿੱਚ ਪਹਿਲੀ ਅਤੇ ਸਫ਼ਲ ਕੋਸ਼ਿਸ਼ ਦਾ ਮਾਣਯੋਗ ਸਰਮਾਇਆ ਹਨ। ਉਸਨੇ ਰਾਗ ਬਸੰਤ, ਧਨਾਸਰੀ, ਰਾਮਕਲੀ, ਤਿਲੰਗ, ਕਾਨੜਾ, ਤੁਖ਼ਾਰੀ, ਬਿਲਾਵਲ, ਆਸਾਵਰੀ, ਕਲਿਆਨ, ਵਡਹੰਸ, ਦੇਵਗੰਧਾਰੀ, ਲਲਿਤ, ਪਰਜੁ ਜੋਗਾ, ਆਸਾ, ਝੰਜੋਟੀ, ਹਿੰਡੋਲ, ਕਿਦਾਰਾ, ਸਿੰਧਾੜਾ, ਗੌਂਡ ਬਿਲਾਵਲ, ਜੈਜੈਵੰਤੀ, ਗਉੜੀ, ਭੈਰਉ, ਜੰਗਲਾ, ਸ੍ਰੀਰਾਗ, ਸੋਰਟ, ਸੂਹੀ, ਖੱਟ, ਭੈਰਵੀ, ਗੂਜਰੀ ਆਦਿ ਵਿੱਚ ਰਚਨਾ ਕੀਤੀ। ਉਹ ਕਸ਼ਮੀਰ, ਗੁਜਰਾਤ ਅਤੇ ਮੁਲਤਾਨ ਦੀਆਂ ਵੱਖ-ਵੱਖ ਸੂਫ਼ੀ ਸੰਪ੍ਰਦਾਵਾਂ ਨੂੰ ਇੱਕ ਹੀ ਦਰੱਖ਼ਤ ਦੀਆਂ ਟਹਿਣੀਆਂ ਮੰਨਦਾ ਹੈ। ਉਹ ਰੱਬ ਨਾਲ ਅਭੇਦਤਾ ਨੂੰ ਇਸ਼ਕ ਦਾ ਮੂਲ ਟੀਚਾ ਮਿੱਥਦਾ ਹੈ।

ਸ਼ਾਹ ਹੁਸੈਨ ਅਨੁਸਾਰ ਮਸਤੀ ਪਰਮ ਸਿੱਧੀ ਦੀ ਅਵਸਥਾ ਹੈ। ਇਸ ਦਾ ਜ਼ਾਹਿਰ ਬਾਤਨ ਇਕ ਹੈ, ਜਿਸ ਦੇ ਮਨ, ਬਚਨ ਤੇ ਕਰਮ ਵਿਚ ਪੂਰਣ ਇਕਸੁਰਤਾ ਹੈ, ਜਿਸ ਦੇ ਮਨ ਵਿਚ ਪ੍ਰਭੂ ਪ੍ਰੀਤਮ ਦੀ ਯਾਦ ਅਤੇ ਜਿਸ ਦੇ ਬੁੱਲ੍ਹਾਂ ਉਤੇ ਪ੍ਰਭੂ ਪ੍ਰੀਤਮ ਦੇ ਨਾਂ ਦਾ ਸਿਮਰਨ ਹੈ, ਜਿਸ ਨੇ ਤਮੋ ਗੁਣ ਦਾ ਨਾਸ਼ ਕਰਕੇ ਸਾਤਵਿਕਤਾ ਧਾਰਣ ਕਰ ਲਈ ਹੈ, ਜਿਸ ਨੇ ਚੇਤਨਾ ਨੂੰ ਦੈਵੀ ਸੁਖਮਤਾ ਨਾਲ ਇਕਮਿਕ ਕਰ ਲਿਆ, ਉਸਦੀ ਹੋਂਦ ਅਤੇ ਉਸ ਦੀ ਹਸਤੀ ਮਾਨਵੀ ਪੱਧਰ ਤੋਂ ਬਹੁਤ ਉੱਚੀ ਤੇ ਵੱਖਰੀ ਹੋ ਜਾਂਦੀ ਹੈ। ਹੋਂਦ ਜਾਂ ਹਸਤੀ ਦੀ ਇਸ ਉੱਦਾਤ ਸੁਖਮਤਾ ਦਾ ਨਾਮ ਹੀ ਮਸਤੀ ਹੈ ਇਸ ਨੂੰ ਸ਼ਾਹ ਹੁਸੈਨ ਨੇ 'ਆਪੇ ਹੋਈ ਆਪੇ' ਦੀ

ਅਵਸਥਾ ਕਿਹਾ ਹੈ। ਮਸਤੀ ਵਿਚ ਸਾਧਕ ਆਪਣੇ ਸਾਧਨਾ ਕੇਂਦਰ ਦੇ ਨਾਲ ਅਭੇਦ ਹੋ ਜਾਂਦਾ ਹੈ। ਤਾਲਿਬ ਤੇ ਮਤਲੂਬ ਵਿਚ ਦਵੰਦ ਨਹੀਂ ਰਹਿੰਦਾ। ਸ਼ਾਹ ਹੁਸੈਨ ਲਿਖਦਾ ਹੈ ਕਿ ਰਾਂਝਣ ਨੂੰ ਲਭਣ ਵਾਸਤੇ ਏਧਰ ਓਧਰ ਜੰਗਲ ਬੇਲੇ ਵਿਚ ਭਟਕਣ ਦੀ ਲੋੜ ਨਹੀਂ ਰਾਂਝਣਾ ਸਦਾ ਸੰਗ ਹੈ।[12]

ਹਮਾਓਸਤ ਦਾ ਸੰਕਲਪ

ਸ਼ਾਹ ਹੁਸੈਨ ਦੇ ਵਿਸਮਾਦੀ ਅਨੁਭਵ ਦਾ ਦਾਰਸ਼ਨਿਕ ਆਧਾਰ ਉਸਦੀ ਰਚਨਾ ਵਿੱਚ ਰੱਬ ਦੇ 'ਹਮਾਓਸਤ' ਸੰਕਲਪ (ਪ੍ਰਾਣੀ, ਸੰਸਾਰ ਅਤੇ ਪਰਮਾਤਮਾ ਦੀ ਇੱਕਮਿਕਤਾ) ਵਜੋਂ ਮੰਨਿਆ ਜਾ ਸਕਦਾ ਹੈ। ਉਹ ਆਪਣੇ ਅਧਿਆਤਮਿਕ ਅਨੁਭਵ ਦੇ ਪ੍ਰਗਟਾਵੇ ਲਈ ਵਿਹੜਾ, ਆਲਾ ਅਤੇ ਤਾਕੀ ਆਦਿ ਰੂਪਕਾਂ ਦੀ ਵਰਤੋਂ ਕਰਦਾ ਹੈ। ਉਸਨੇ ਚਰਖੇ ਦੀ ਹੋਂਦ, ਪ੍ਰਕਾਰਜ ਅਤੇ ਸੁਭਾਅ ਵਿੱਚੋਂ ਆਪਣਾ ਕਾਵਿਕ ਮੁਹਾਵਰਾ ਘੜ੍ਹ ਕੇ ਕਈ ਪ੍ਰਤੀਕ ਸਿਰਜੇ ਹਨ। ਉਹ ਆਰੀਅਨ ਪਰੰਪਰਾ ਵਿੱਚੋਂ ਸ਼ਾਮ ਅਤੇ ਬ੍ਰਿੰਦਾਬਨ ਦੀ ਪ੍ਰਤੀਕਾਤਮਕ ਵਰਤੋਂ ਕਰਨ ਵਿੱਚ ਜ਼ਰਾ ਵੀ ਸੰਕੋਚ ਨਹੀਂ ਕਰਦਾ। ਇਹਨਾਂ ਪ੍ਰਤੀਕਾਂ ਰਾਹੀ ਉਹ ਖੁਦਾ ਦੇ ਵਿਰਾਟ ਰੂਪ ਦੇ ਵਿਸਮਾਦੀ ਜਲਾਲ ਦੀ ਅਭਿਵਿਅਕਤੀ ਕਰਦਾ ਹੈ। 'ਵਹਿਦਤ-ਉਲ-ਵਜੂਦ' ਤੋਂ ਭਾਵ ਹੈ ਵਜੂਦ ਦਾ ਇੱਕ ਹੋਣਾ। ਸੋ ਇੱਕ ਹੋਣ ਤੋਂ ਭਾਵ ਇਹੀ ਹੈ ਕਿ ਅੱਲ੍ਹਾ ਇੱਕ ਹੈ ਅਤੇ ਉਹ ਪਰਮ ਸੱਤ ਹੈ। ਜ਼ਿਆਦਾਤਾਰ ਸੂਫ਼ੀ ਫ਼ਕੀਰ ਹਰ ਵਿਅਕਤੀ ਅੰਦਰ ਖ਼ੁਦਾ ਹੋਣ ਦੀ ਗੱਲ ਕਰਦੇ ਹਨ ਅਤੇ ਮੰਨਦੇ ਹਨ ਕਿ ਸ੍ਰਿਸ਼ਟੀ ਦਾ ਹਰ ਮੈਟਰ ਖ਼ੁਦਾ ਦੇ ਜਲਵੇ ਦੀ ਤਰਜ਼ਮਾਨੀ ਕਰਦਾ ਹੈ। ਸ਼ੇਖ ਅਹਿਮਦ ਸਰਹਿੰਦੀ ਨੇ 'ਵਹਿਦਤ-ਉਲ-ਵਜੂਦ' ਅਤੇ ਵਹਿਦਤ-ਉਲ-ਸ਼ਹੂਦ' ਦੋਹਾਂ ਦੀ ਵਿਆਖਿਆ ਕੀਤੀ ਹੈ। ਉਹ ਇਹਨਾਂ ਵਿੱਚ ਅੰਤਰ ਸਪੱਸ਼ਟ ਕਰਦੇ ਹਨ। ਉਹਨਾਂ ਅਨੁਸਾਰ 'ਵਹਿਦਤ-ਉਲ-ਸ਼ਹੂਦ' ਤੋਂ ਭਾਵ ਹੈ ਕਿ ਖ਼ੁਦਾ ਨੂੰ ਇੱਕ ਹੀ ਜ਼ਾਤ ਸਮਝਦੇ ਹੋਏ, ਹੋਰ ਕੁੱਝ ਨਜ਼ਰ ਨਾ ਆਉਣਾ। ਅਤੇ 'ਵਹਿਦਤ-ਉਲ-ਵਜੂਦ' ਤੋਂ ਭਾਵ ਹੈ ਕਿ ਇੱਕ ਹੀ ਜ਼ਾਤ ਨੂੰ ਮੌਜੂਦ ਮੰਨਣਾ ਅਤੇ ਉਸ ਤੋਂ ਇਲਾਵਾ ਨੂੰ ਬਿਲਕੁਲ ਖ਼ਤਮ ਸਮਝਣਾ। ਮੌਜੂਦ ਨਾ ਹੋਣ ਦੇ ਬਾਵਜੂਦ ਅੱਲਾਹ ਦੇ ਜਲਵੇ ਅਤੇ ਦੁਨੀਆਂ ਦੀ ਹਰ ਚੀਜ਼ ਨੂੰ ਇੱਕ ਹੀ ਸਮਝਣਾ। ਉਹ ਇਸ ਖ਼ਤ ਰਾਹੀਂ ਇਸਦੀ ਵਿਆਖਿਆ ਕਰਦੇ ਹਨ:

"ਜਿਵੇਂ ਕਿਸੇ ਸ਼ਖ਼ਸ ਨੂੰ ਸੂਰਜ ਦੇ ਵਜੂਦ ਦਾ ਯਕੀਨ ਹਾਸਿਲ ਹੋ ਗਿਆ ਹੋਵੇ ਤਾਂ ਉਸਨੂੰ ਇਸ ਯਕੀਨ ਦੇ ਹੋਣ ਨਾਲ ਇਹ ਜ਼ਰੂਰੀ ਨਹੀਂ ਕਿ ਉਹ ਉਸ ਸਮੇਂ ਤਾਰਿਆਂ ਨੂੰ ਗ਼ਾਇਬ ਅਤੇ ਨੇਸਤ-ਓ-ਨਾਬੂਦ ਸਮਝੇ, ਪਰ ਜਿਸ ਸਮੇਂ ਉਹ ਸੂਰਜ ਨੂੰ ਦੇਖੇਗਾ ਤਾਂ ਇਹ ਜ਼ਰੂਰੀ ਹੈ ਕਿ ਉਹ ਤਾਰਿਆ ਨੂੰ ਦੇਖ ਨਹੀਂ ਸਕੇਗਾ ਅਤੇ ਸੂਰਜ ਦੇ ਬਿਨਾਂ ਉਸਨੂੰ ਹੋਰ ਕੁਝ ਨਜ਼ਰ ਨਹੀਂ ਆਵੇਗਾ ਅਤੇ ਉਹ ਉਸ ਸਮੇਂ ਇਹ ਜਾਣਦਾ ਹੈ ਕਿ ਤਾਰੇ ਨੇਸਤ-ਓ-ਨਾਬੂਦ ਨਹੀਂ ਹਨ ਬਲਕਿ ਛੁਪੇ ਹੋਏ ਹਨ ਅਤੇ ਸੂਰਜ ਦੀ ਰੌਸ਼ਨੀ ਵਿੱਚ ਦਬ ਗਏ ਹਨ (ਇਹ ਹਾਲਤ ਤੌਹੀਦੇ ਸ਼ਹੂਦੀ ਦੀ ਹੈ)।ਇਹ ਸ਼ਖ਼ਸ ਉਸ ਸਮੂਹ ਦਾ ਇਨਕਾਰ ਕਰਦਾ ਹੈ ਉਸ ਸਮੇਂ ਦੌਰਾਨ ਤਾਰਿਆਂ ਦੇ ਵਜੂਦ ਤੋਂ ਇਨਕਾਰ ਕਰਦੇ ਹਨ। ਅਤੇ ਇਹ ਵਿਅਕਤੀ ਜਾਣਦਾ ਹੈ ਕਿ ਇਸ ਰੂਹਾਨੀ ਗਿਆਨ, ਯਾਨੀ ਤਾਰਿਆਂ ਦੇ ਵਜੂਦ ਦਾ ਇਨਕਾਰ ਕਰਨਾ ਹਕੀਕਤ ਦੇ ਖ਼ਿਲਾਫ਼ ਹੈ। ਬੱਸ ਤੌਹੀਦੇ- ਵਜੂਦੀ, ਕਿ ਜਿਸ ਵਿੱਚ ਇੱਕ ਜ਼ਾਤ ਦੇ ਇਲਾਵਾ ਕਿਸੇ ਹੋਰ ਦਾ ਇਨਕਾਰ ਕਰਨਾ ਹੈ, ਅਕਲ ਅਤੇ ਸ਼ਰੀਅਤ ਦੇ ਖ਼ਿਲਾਫ਼ ਹੈ"।[13]

ਇਸ ਉਦਾਹਰਨ ਤੋਂ 'ਵਹਿਦਤ-ਉਲ-ਵਜੂਦ' ਦੇ ਅਰਥ ਸਪੱਸ਼ਟ ਹੋ ਜਾਂਦੇ ਹਨ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸ਼ਾਹ ਹੁਸੈਨ ਦਾ ਵਿਸਮਾਦੀ ਅਨੁਭਵ 'ਵਹਿਦਤ-ਉਲ-ਵਜੂਦ' ਸੰਕਲਪ ਰਾਹੀਂ ਜਾਗਦਾ ਹੈ। ਕਿਉਂਕਿ ਸ਼ਾਹ ਹੁਸੈਨ ਦੇ ਖ਼ੁਦਾ ਦਾ ਵਾਸਾ ਸਾਰੇ ਦਿਖਦੇ ਅਤੇ ਅਣਦਿਖਦੇ ਸੰਸਾਰ ਵਿੱਚ ਹੈ। ਆਪਣੀ ਇਸੇ ਦ੍ਰਿਸ਼ਟੀ ਕਾਰਨ ਸ਼ਾਹ ਹੁਸੈਨ ਸਮਾਅ ਰਾਹੀਂ ਸਿੱਧਾ ਵਾਦੀ-ਏ-ਹੈਰਤ ਪਹੁੰਚਣ ਵਿੱਚ ਕਾਮਯਾਬ ਹੋਇਆ ਜਿੱਥੇ ਵਿਸਮਾਦੀ ਅਨੁਭਵ ਰਾਹੀਂ ਰੂਹ ਮੌਲਦੀ ਹੈ। ਇਹੀ ਮੌਲਣ ਪ੍ਰਕਿਰਿਆ ਰਾਹੀਂ ਮਨੁੱਖ ਦੀ 'ਮੈਂ'ਅਨੰਤਤਾ ਵਿੱਚ ਪ੍ਰਵੇਸ਼ ਕਰਦੀ ਹੈ ਅਤੇ ਇਹ ਅਨੰਤਤਾ ਫ਼ਿਰ ਇੱਕ ਵਿੱਚ ਸਮਾਉਂਦੀ ਹੈ। ਇਸਲਾਮੀ ਗਿਆਨ ਪਰੰਪਰਾ ਵਿੱਚ 'ਓਸ ਇੱਕ' ਨੂੰ ਨਿਸ਼ਚਿਤ ਮੰਨਿਆ ਗਿਆ ਹੈ ਪਰੰਤੂ ਭਾਰਤੀ ਗਿਆਨ ਪਰੰਪਰਾ ਵਿੱਚ ਉਸ ਨਿਸ਼ਚਿਤ ਨੂੰ ਮੌਲ਼ਦੀ ਹੋਈ ਨਿਸ਼ਚਿਤਤਾ ਦਰਸਾਇਆ ਗਿਆ ਹੈ। ਅਸਲ ਵਿੱਚ ਸੂਫ਼ੀਆਂ ਦਾ ਅਦਬੀ ਸ਼ਊਰ 'ਮਕੁੱਨ' ਤੋਂ 'ਕੁੱਨ' ਤੱਕ ਦੀ ਯਾਤਰਾ ਹੈ। ਮਕੁੱਨ (ਨਾ ਹੋ) ਵਿੱਚ ਹਸਤੀ ਜਾਂ ਅਸਤਿੱਤਤਵ ਨਹੀਂ ਅਤੇ ਕੁੱਨ (ਹੋ ਜਾ) ਉਰਪੰਤ ਇਹ ਸਾਰੇ ਅਸਤਿੱਤਵ ਜਾਂ 'ਹਸਤੀ' ਧਾਰਨ ਕਰ ਲੈਂਦੇ ਹਨ। 'ਕੁੱਨ' ਤੋਂ ਅੱਗੇ ਫੇਰ 'ਮਕੁੱਨ' ਦੀ ਯਾਤਰਾ ਸ਼ੁਰੂ ਹੁੰਦੀ ਹੈ। 'ਕੁੱਨ' ਵੇਲੇ ਜਿਸ ਨੇ ਸਰੂਪ ਧਾਰਨ ਕੀਤਾ ਸੀ, 'ਮਕੁੱਨ' ਵੇਲੇ ਉਹੀ 'ਅਰੂਪ' ਹੋ ਜਾਂਦਾ ਹੈ। ਇਹੀ 'ਰੂਪ' ਅਤੇ 'ਅਰੂਪ' ਦਾ ਇੱਕ ਦੂਜੇ ਨਾਲ ਥਾਂ ਵਟਾਉਣਾ ਜਾਂ ਵਟਾਉਂਦੇ ਰਹਿਣਾ ਸਾਰੇ ਸੂਫ਼ੀ-ਕਾਵਿ ਵਿਚਲਾ ਬੁਨਿਆਦੀ ਨੁਕਤਾ ਹੈ। ਇਸ ਨੂੰ ਸੂਫ਼ੀਆਂ ਦਾ ਪ੍ਰਮੁੱਖ ਵਿਵਹਾਰਕ ਸਿਧਾਂਤ ਕਿਹਾ ਜਾ ਸਕਦਾ ਹੈ ਜਿਸ ਅਨੁਸਾਰ ਸ਼ਰੀਅਤ ਤੋਂ ਫ਼ਨਾ ਜਾਂ ਬਕਾ ਵਿੱਚ ਜਾਣਾ ਹੀ ਸੂਫ਼ੀ ਮੰਜ਼ਲ ਹੈ।

ਸ਼ਾਹ ਹੁਸੈਨ ਨੂੰ ਪਰਮਾਤਮਾ ਘਟ-ਘਟ ਵਾਸੀ, ਅਤੇ ਰੋਮ-ਰੋਮ ਵਿੱਚ ਸਮਾਇਆ ਪ੍ਰਤੀਤ ਹੁੰਦਾ ਹੈ। ਉਹ ਮਨੁੱਖ ਦੇ ਅੰਦਰ ਦੀ ਸਥਿਤੀ ਦਾ ਜਾਣਕਾਰ ਹੀ ਨਹੀਂ, ਸਗੋਂ ਸਾਰਾ ਖੇਲ-ਪਸਾਰਾ ਉਸੇ ਦਾ ਹੀ ਵਿਸਤਾਰ ਹੈ। ਉਹ ਸਰਵ-ਵਿਆਪਕ ਹੈ। ਸ਼ਾਹ ਹੁਸੈਨ ਆਪਣੇ-ਆਪ ਨੂੰ ਸਾਜਨ ਦੇ ਹੱਥ ਦੀ ਗੁੱਡੀ ਤਸੱਵੁਰ ਕਰਦਾ ਹੈ। ਉਸਨੂੰ ਇਸ ਗੱਲ ਦਾ ਅਹਿਸਾਸ ਹੈ ਕਿ 'ਤੋੜੀ ਨਹੀਂ ਟੁਟਦੀ ਛੋੜੀ ਨਹੀਂ ਛੁਟਦੀ, ਕਲਮ ਰੱਬਾਨੀ ਵੱਗੀ'। ਇਸਲਾਮੀ ਚਿੰਤਨ ਅਨੁਸਾਰ ਇਸ ਸੰਸਾਰ ਅਤੇ ਸਮੂਹ ਲੋਕਾਈ ਦਾ ਸੰਪੂਰਨ ਵੇਰਵਾ 'ਲੌਹ-ਏ-ਮਹਿਫ਼ੂਜ਼' ਉੱਤੇ ਅੰਕਿਤ ਹੈ। ਭਾਰਤੀ ਗਿਆਨ ਪਰੰਪਰਾ ਵਿੱਚ ਇਸਨੂੰ 'ਧਰਮਰਾਜ ਦਾ ਲੇਖਾ' ਕਿਹਾ ਜਾਂਦਾ ਹੈ ਜਿੱਥੇ ਮਨੁੱਖ ਦੇ ਹਰ ਚੰਗੇ-ਮੰਦੇ ਕਰਮਾਂ ਅਤੇ ਲੇਖਾਂ ਦਾ ਵਿਵਰਨ ਅੰਕਿਤ ਹੁੰਦਾ ਹੈ। ਦੋਹਾਂ ਵਿੱਚ ਫ਼ਰਕ ਇਹੀ ਹੈ ਕਿ ਇਸਲਾਮ ਵਿੱਚ ਜ਼ਿੰਦਗੀ ਇੱਕ ਵਾਰ ਹੈ ਅਤੇ ਭਾਰਤੀ ਗਿਆਨ ਪਰੰਪਰਾ ਵਿੱਚ ਅਸੀਮ ਹੈ। ਸ਼ਾਹ ਹੁਸੈਨ ਲਿਖਦਾ ਹੈ:

- ਲਿਖੀ ਲੌਹ ਕਲਮ ਦੀ ਕਾਦਰ,
  ਨੀ ਮਾਏ, ਮੋੜ ਜੇ ਸਕਨੀ ਹੈਂ ਮੋੜ।[14]

ਇਸ ਦਾਰਸ਼ਨਿਕ ਨੁਕਤੇ ਦੀ ਅਭਿਵਿਅਕਤੀ ਰਾਹੀਂ ਸ਼ਾਹ ਹੁਸੈਨ ਹਲੂਣਾ ਦੇਣਾ ਚਾਹੁੰਦਾ ਹੈ ਕਿ ਜੀਵਨ ਵਿੱਚ ਮਾਇਆ ਰੂਪੀ ਭੌਤਿਕ ਵਸਤਾਂ ਦੀ ਬਹੁਤਾਤ ਵਿੱਚ ਖੁੱਭੇ ਰਹਿ ਕੇ ਖ਼ੁਦੀ 'ਤੇ ਗ਼ੁਮਾਨ ਕਰਨ ਵਾਲਿਆਂ ਨੂੰ ਅੱਗੇ ਜਾ ਕੇ ਫ਼ਨਾਹ ਹੋਣ ਉਪਰੰਤ ਮਾਟੀ ਵਿੱਚ ਅਵੱਸ਼ ਰਲ਼ਣਾ ਪਵੇਗਾ। ਇਸ ਲਈ ਸ਼ਾਹ ਹੁਸੈਨ ਅਨੁਸਾਰ ਵਿਵਹਾਰਕ ਪੱਧਰ ਤੇ ਸਦਾਚਾਰੀ ਹੋਣਾ ਅਤੇ ਬਾਹਰੀ ਆਡੰਬਰੀ ਭੇਖ ਨੂੰ ਤਿਆਗਣਾ ਬਹੁਤ ਜ਼ਰੂਰੀ ਹੈ। ਹਜ਼ਰਤ ਸ਼ੇਖ ਅਲੀ ਹੁਜਵੀਰੀ (ਹਿ.) ਨੇ ਕਸ਼ਫ਼ੁਲ-ਮਹਿਜੂਬ ਵਿੱਚ ਇਸ ਬਾਰੇ ਗੰਭੀਰ ਚਰਚਾ ਕਰਦਿਆਂ ਸੂਫ਼ੀ ਦੀ ਪਛਾਣ ਦਾ ਆਧਾਰ ਉਸਦੇ ਬਾਹਰੀ ਭੇਖ ਦੀ ਥਾਂ ਆਂਤਰਿਕ ਗੁਣਾਂ ਦੇ ਆਧਾਰ ਉੱਪਰ ਹੀ ਕਰਨ ਉੱਪਰ ਜ਼ੋਰ ਦਿੱਤਾ ਗਿਆ ਹੈ। ਇਸ ਗ੍ਰੰਥ ਵਿੱਚ ਹਜ਼ਰਤ ਸ਼ੇਖ ਅਲੀ ਹੁਜਵੀਰੀ (ਹਿ.) ਦਾ ਕਥਨ ਹੈ ਕਿ ਸੂਫ਼ੀਵਾਦ ਸਦਾਚਾਰ ਦਾ ਨਾਂ ਹੈ।[15] ਤਸੱਵੁਫ਼ ਦਰਅਸਲ ਅਮਲੀ ਫ਼ਨ ਹੈ। ਇਸ ਰਾਹ ਵਿੱਚ ਕੇਵਲ ਇਲਮ ਨਾਲ ਕੋਈ ਸਿੱਟਾ ਨਹੀਂ ਕੱਢਿਆ ਜਾ ਸਕਦਾ। ਇਲਮ ਅਤੇ ਅਮਲ ਦੋਵੇਂ ਇੱਕ ਦੂਜੇ ਤੋਂ ਬਿਨਾਂ ਅਪੂਰਨ ਹਨ। ਸ਼ਰੀਅਤ ਵਾਂਗ ਤਸੱਵੁਫ਼ ਵੀ ਦੋ ਚੀਜ਼ਾਂ ਦਾ ਮਿਸ਼ਰਣ ਹੈ ਇਲਮ ਅਤੇ ਅਮਲ ਦਾ, ਪਰੰਤੂ ਮਹੱਤਵਪੂਰਨ ਅੰਤਰ ਇਹ ਹੈ ਕਿ ਸ਼ਰੀਅਤ ਵਿੱਚ ਇਲਮ ਪਹਿਲਾਂ ਅਤੇ ਅਮਲ ਮਗਰੋਂ ਹੈ ਲੇਕਿਨ ਤਸੱਵੁਫ਼ ਵਿੱਚ ਅਮਲ ਤੋਂ ਬਾਅਦ ਇਲਮ (ਮਾਰਫ਼ਤ) ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਸਮੁੱਚੇ ਰੂਪ ਨੂੰ ਡਾ. ਗੁਰਦੇਵ ਸਿੰਘ ਨੇ ਇੱਕ ਨੁਕਤੇ ਵਿੱਚ ਲਿਆਉਂਦਿਆ ਕਿਹਾ ਹੈ ਕਿ ਸੂਫ਼ੀਵਾਦ ਇਸਲਾਮੀ ਚਿੰਤਨ ਦੇ ਅੰਤਰਗਤ ਇੱਕ ਅਜਿਹੀ ਇਲਮੀ, ਅਮਲੀ ਅਤੇ ਰੂਹਾਨੀ ਜੀਵਨ-ਜਾਚ ਹੈ, ਜਿਸਦੇ ਰਾਹੀਂ ਮਨੁੱਖ ਨੂੰ ਆਂਤਰਿਕ ਪਵਿੱਤਰਤਾ, ਇਲਾਹੀ ਮਾਰਫ਼ਤ ਅਤੇ ਅੱਲਾਹ ਦਾ ਵਿਸਾਲ ਹਾਸਿਲ ਹੁੰਦਾ ਹੈ"।[16] ਇਸ ਲਈ ਚੰਗੇ ਕਰਮਾਂ ਅਤੇ ਸਾਦੀ ਰਹਿਣੀ-ਬਹਿਣੀ ਰਾਹੀਂ ਇਸ ਜੀਵਨ ਨੂੰ ਸਾਰਥਕ ਬਣਾਇਆ ਜਾਵੇ। ਮਸਤੀ ਦੀ ਪਵਿੱਤਰਤਾ ਵਿੱਚੋਂ ਵਿਸਮਾਦੀ ਛਿਣ ਕੁੱਲ ਕਾਇਨਾਤ ਵਿੱਚ ਧੜਕਦੇ ਸਪੱਸ਼ਟ ਹੋ ਜਾਣਗੇ।

ਵਿਸਮਾਦ ਦੀ ਅਭਿਵਿਅਕਤੀ

ਜਦ ਕਵੀ ਭਾਵ ਵਿਅੰਜਨਾ ਲਈ ਪ੍ਰਸਤੁਤ ਨੂੰ ਵਧਾ-ਚੜ੍ਹਾ ਕੇ ਪੇਸ਼ ਕਰੇ ਤਾਂ ਇਸ ਪ੍ਰਕਾਰ ਦੀ ਸਜਾਵਟ ਨੂੰ ਅਤਿਕਥਨੀ ਅਲੰਕਾਰ ਆਖਿਆ ਜਾਂਦਾ ਹੈ। ਇਸ ਵਿਧੀ ਦੁਆਰਾ ਵਿਚਾਰ ਨੂੰ ਵਧੇਰੇ ਤਵੱਜੋਂ ਦੇ ਕੇ ਖਿੱਚ ਦਾ ਕੇਂਦਰ ਬਣਾ ਦਿੱਤਾ ਜਾਂਦਾ ਹੈ। ਵਿਸਮਾਦੀ ਭਾਵ ਨੂੰ ਵਿਅਕਤ ਕਰਨ ਲਈ ਸ਼ਾਹ ਹੁਸੈਨ ਨੇ ਅਤਿਕਥਨੀ ਤੋਂ ਕੰਮ ਲੈਂਦਿਆਂ ਆਪਣੇ ਭਾਵ ਦਾ ਨਿਰੂਪਨ ਬਿੰਬ ਪੱਧਰ 'ਤੇ ਬਹੁਤ ਵਾਰ ਕੀਤਾ ਹੈ। ਅਤਿਕਥਨੀ ਅਲੰਕਾਰ ਦੀ ਖ਼ੂਬੀ ਇਹ ਹੈ ਕਿ ਇਸ ਨਾਲ ਸਧਾਰਨ ਗੱਲ ਨੂੰ ਗ਼ਜ਼ਬ ਦਾ ਵਜ਼ਨ ਮਿਲ ਜਾਂਦਾ ਹੈ। ਅਤੇ ਸ਼ਾਹ ਹੁਸੈਨ ਦੇ ਗਿਆਨਮਈ ਅਨੁਭਵ ਦੀਆ ਪਰਤਾਂ ਖੋਲਣ ਲਈ ਇਸ ਗੱਲ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ ਕਿ ਹੁਸੈਨ ਕਾਵਿ ਵਿੱਚ ਅਤਿਕਥਨੀ ਅਲੰਕਾਰ ਰਾਹੀਂ ਖ਼ਿਆਲ ਦਾ ਕਿਹੜਾ ਮੰਡਲ ਉਘਾੜਿਆ ਗਿਆ ਹੈ। ਵੇਖੋ ਨਮੂਨਾ:

- ਧਰਤਿ ਅਕਾਸ ਵਿਚਿ ਵਿਥੁ ਚੱਪੇ ਦੀ,
  ਤਹਾਂ ਸ਼ਾਹਾਂ ਦਾ ਤਾਣ।[17]

ਸ਼ਾਹ ਹੁਸੈਨ ਨੇ ਆਪਣੇ ਵਿਸਾਮਦੀ ਅਨੁਭਵ ਦੀ ਅਭਿਵਿਅਕਤੀ ਲਈ ਚਰਖ਼ੇ ਨੂੰ ਅਹਿਮ ਪ੍ਰਤੀਕ ਵਜੋਂ ਵਰਤਿਆ ਹੈ। ਜੀਵ ਆਤਮਾ, ਜੀਵਨ, ਬੰਦਗੀ ਕਰਨ, ਅੱਗਾ ਸਵਾਰਨ ਅਤੇ ਵਸਲ ਦੀ ਘੜੀ ਆਦਿ ਨੂੰ ਉਸਨੇ ਬੜੀ ਖ਼ੂਬੀ ਨਾਲ ਚਰਖ਼ੇ ਦੀਆਂ ਵਿਸ਼ੇਸ਼ਤਾਵਾਂ, ਕਾਰਜ ਪ੍ਰਣਾਲੀ, ਦਿੱਖ ਆਦਿ ਪ੍ਰਤੀਕਾਂ ਰਾਹੀਂ ਚਿੱਤਰਿਆ ਹੈ:

- ਚਰਖਾ ਮੇਰਾ ਰੰਗਲੜਾ ਰੰਗ ਲਾਲ।[18]
- ਅੱਤਣ ਮੈਂ ਕਿਉਂ ਆਈਆਂ, ਮੇਰੀ ਤੰਦ ਨਾ ਪਈਆ ਕਾਇ।
  ਆਉਂਦਿਆਂ ਉਠਿ ਖੇਡਣਿ ਲੱਗੀ, ਚਰਖਾ ਛਡਿਆ ਚਾਇ॥[19]
- ਚਰਖਾ ਚਾਇ ਸੱਭੇ ਘਰ ਗਈਆਂ, ਰਹੀ ਇਕੇਲੀ ਇਕਿ ਹਉਂ।[20]
- ਤੰਦ ਤੁਟੀ ਅਟੇਰਨ ਭੰਨਾ, ਤਕੁੱਲੜੇ ਵਲ ਪਾਇਆ।[21]

ਜੇਕਰ ਅਧਿਆਤਮਕ ਅਤੇ ਰਹੱਸਮਈ ਵਿਸਮਾਦ ਨੂੰ ਸਮਝਣਾ ਹੈ ਤਾਂ ਇਹ ਨੁਕਤਾ ਸਮਝ ਲੈਣਾ ਚਾਹੀਦਾ ਹੈ ਕਿ ਅਧਿਆਤਮਕਤਾ ਅਨੁਸਾਰ ਕਾਲ ਵਿੱਚ ਸਾਰੇ ਭੌਤਿਕ ਵਰਤਾਰਿਆਂ ਅਤੇ ਪਸਾਰਿਆਂ ਦੀ ਵਾਸਤਵਿਕਤਾ ਹੀ ਅੰਤਿਮ ਸੱਚ ਨਹੀਂ ਹੈ। ਇਹਨਾਂ ਸਾਰੇ ਭੌਤਿਕ ਵਰਤਾਰਿਆਂ ਅਤੇ ਪਸਾਰਿਆਂ ਦੀ ਵਾਸਤਵਿਕਤਾ ਤੋਂ ਇਲਾਵਾ ਇੱਕ ਹੋਰ ਵਾਸਤਵਿਕਤਾ ਹੈ ਜੋ ਕਾਲ ਦੀਆਂ ਬੰਦਿਸ਼ਾਂ ਤੋ ਬਾਹਰ ਸੁਤੰਤਰ ਅਤੇ ਸਦੀਵੀ ਹੈ।

ਨਿਸ਼ਕਰਸ਼

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਸ਼ਾਹ ਹੁਸੈਨ ਅਨੁਸਾਰ ਸੂਫ਼ੀ ਸਾਧਨਾ ਦਾ ਅੰਤਿਮ ਲਕਸ਼ ਕਿਤੇ ਬਾਹਰਵਾਰ ਨਾ ਹੋ ਕੇ ਅੰਤਰਮਨ ਦੀਆਂ ਧੁਰ ਡੂੰਘਾਈਆਂ ਵਿਚ ਸਥਿਤ ਹੈ। ਉਸ ਦਾ ਵਿਸਮਾਦੀ ਅਨੁਭਵ ਗ੍ਰੰਥਾਂ ਸ਼ਾਸਤਰਾਂ ਦੇ ਅਧਿਐਨ ਉੱਤੇ ਨਹੀਂ, ਅੰਤਰਮੁਖੀ ਰੂਹਾਨੀ ਮਸਤੀ ਦੇ ਆਲਮ ਉੱਤੇ ਅਧਾਰਿਤ ਹੈ। ਇਹ ਕਹਿਣਾ ਕਿ ਮੱਧਕਾਲੀ ਪਰੰਪਰਾ ਦੇ ਪ੍ਰਭਾਵ ਕਾਰਨ ਹੀ ਉਸਦਾ ਸਾਰਾ ਕਾਵਿ ਰਾਗਬੱਧ ਹੈ, ਇੱਕਤਰਫ਼ਾ ਦਲੀਲ ਹੋਵੇਗੀ ਹਾਲਾਂਕਿ ਇਹ ਇੱਕ ਕਾਰਨ ਜ਼ਰੂਰ ਹੋ ਸਕਦਾ ਹੈ। ਪਰੰਤੂ ਇਸਦਾ ਵੱਡਾ ਕਾਰਨ ਉਸਦੇ ਅੰਦਰ ਤਰੰਨੁਮ ਦੇ ਲਗਾਤਾਰ ਵਗਦੇ ਪ੍ਰਵਾਹ ਨੂੰ ਮੰਨਿਆ ਜਾ ਸਕਦਾ ਹੈ। ਇਹ ਸਾਰਾ ਅਨੁਭਵ ਮਸਤੀ ਦੀ ਅਵਸਥਾ ਵਿੱਚੋਂ ਪੈਦਾ ਹੋ ਕੇ ਮਸਤੀ ਦੀ ਅਵਸਥਾ ਵਿੱਚ ਹੀ ਸਮਾਉਂਦਾ ਪ੍ਰਤੀਤ ਹੁੰਦਾ ਹੈ। ਉਸਦੇ ਸਮੁੱਚੇ ਕਾਵਿ ਵਿੱਚ ਤਰੀਕਤ, ਮਾਰਫ਼ਤ ਅਤੇ ਹਕੀਕਤ ਦੇ ਅੰਸ਼ ਆਪਸ ਵਿੱਚ ਓਤ-ਪੋਤ ਹੋ ਕੇ 'ਹਮਾਓਸਤ' ਦੇ ਸਿਧਾਂਤ ਦੀ ਪੈਰਵੀ ਕਰਦੇ ਹਨ। ਪਰੰਤੂ ਉਸਦੀ ਰਚਨਾ ਵਿੱਚ ਸੂਫ਼ੀ ਮੱਤ ਦੀਆਂ ਸੱਤ ਵਾਦੀਆਂ ਅਤੇ ਚਾਰੇ ਪੜਾਵਾਂ ਉੱਤੇ ਕੋਈ ਸਿਧਾਂਤਕ ਕਾਬੂ ਨਹੀ ਮਿਲਦਾ। ਉਹ ਮਸਤੀ ਦੀ ਪਵਿੱਤਰਤਾ ਰਾਹੀਂ ਸਿੱਧਾ ਛੇਵੀਂ ਵਾਦੀ ਵਿੱਚ ਵਿਸਮਾਦੀ ਘੜੀਆਂ ਨੂੰ ਮੁਖ਼ਾਤਿਬ ਹੁੰਦਾ ਹੈ। ਉਹ ਮੁੱਢਲੇ ਰੂਪ ਵਿੱਚ ਵਿਯੋਗ ਦਾ ਕਵੀ ਹੈ ਕਿਉਂਕਿ ਉਸਦਾ ਬਿਰਹਾ ਅਨੁਭਵ ਦੂਜੇ ਸੂਫ਼ੀਆਂ ਨਾਲੋਂ ਤੀਖਣ ਅਤੇ ਡੂੰਘੇਰਾ ਹੈ। ਇਹੀ ਵਿਯੋਗ ਉਸ ਲਈ ਵਿਸਮਾਦੀ ਅਨੁਭਵ ਦਾ ਰਾਹ ਖੋਲ੍ਹਦਾ ਹੈ। ਉਹ ਸ਼ਰੀਅਤ ਦੀਆਂ ਬਾਹਰਮੁਖੀ ਪਾਬੰਦੀਆਂ ਤੋਂ ਮੁਕਤ ਹੋ ਕੇ ਆਂਤਰਿਕ ਸ਼ਕਤੀ ਦੇ ਆਧਾਰ 'ਤੇ ਅੱਲਾਹ ਨਾਲ ਇੱਕ ਸੁਰ ਹੋਣ ਨੂੰ ਆਪਣੀ ਅਧਿਆਤਮਕ ਯਾਤਰਾ ਦਾ ਮੂਲ ਬਣਾਉਂਦਾ ਹੈ।

ਹਵਾਲੇ

[1]. ਡਾ. ਅਨਵਰ ਚਿਰਾਗ਼ (2016) ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ 180

[2]. ਉਰਦੂ ਦਾਇਰਾ-ਏ-ਮਆਰਫ਼-ਏ-ਇਸਲਾਮੀਆ (1962), ਜਿਲਦ 6, ਪੰਨਾ 418-419

[3]. ਖ਼ਵਾਜਾ ਹਸਨ ਸਾਨੀ ਨਿਜ਼ਾਮੀ (2004) ਤਸੱਵੁਫ਼: ਰਸਮ ਔਰ ਹਕੀਕਤ, ਪੰਨਾ 23 (ਉਧਰਿਤ)

[4]. James Hastings (Ed.) (1967) Encyclopedia of Religion and Ethics, Vol. XII, P. 10

[5]. Dr. Mir Valiuddin (1981) The Quranic Sufism, P. 20

[6]. ਪ੍ਰੋ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, 2005, ਪੰਨਾ 187

[7]. ਡਾ. ਗੁਲਜ਼ਾਰ ਸਿੰਘ ਕੰਗ, ਸੂਫ਼ੀਮਤ ਸਿਲਸਿਲੇ ਸਾਧਕ, ਪੰਨਾ 90-92

[8]. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, 2016, ਪੰਨਾ 231

[9]. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, 1997, ਪੰਨਾ 174

[10]. ਬਲਦੇਵ ਸਿੰਘ ਬੱਧਨ, ਪੰਜਾਬੀ ਸੂਫ਼ੀ ਕਾਵਿਧਾਰਾ, 1999, ਪੰਨਾ 194

[11]. ਧਰਮਪਾਲ ਸਿੰਗਲ ਅਤੇ ਬਲਦੇਵ ਸਿੰਘ ਬੱਧਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, 2013, ਪੰਨਾ 58

[12]. ਡਾ. ਗੁਰਮੁਖ ਸਿੰਘ (ਸੰਪਾਦਕ), ਪ੍ਰੋਫ਼ੈਸਰ ਗੁਲਵੰਤ ਸਿੰਘ ਰਚਨਾਵਲੀ, 2006, ਪੰਨਾ 547

[13]. ਮੌਲਾਨਾ ਸੱਯਦ ਜ਼ੱਵਾਰ ਹੁਸੈਨ ਸ਼ਾਹ (ਅਨੁਵਾਦ), ਮਕਤੂਬਾਤੇ ਇਮਾਮੇ- ਰੱਬਾਨੀ, ਦਫ਼ਤਰ ਅੱਵਲ, ਮਕਤੂਬ 43, ਹਜ਼ਰਤ ਸ਼ਾਹ ਅਬੁਲ ਖ਼ੈਰ ਅਕਾਦਮੀ, ਦਿੱਲੀ, ਪੰਨਾ 156

[14]. ਧਰਮਪਾਲ ਸਿੰਗਲ ਅਤੇ ਬਲਦੇਵ ਸਿੰਘ ਬੱਧਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, 2013, ਪੰਨਾ 74

[15]. ਡਾ. ਕਾਲਾ ਸਿੰਘ ਬੇਦੀ, ਕਸ਼ਫ਼ੁਲ- ਮਹਿਜੂਬ (ਅਨੁਵਾਦ), ਪੰਨਾ 88

[16]. ਗੁਰਦੇਵ ਸਿੰਘ,(2005) ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ 20-27

[17]. ਧਰਮਪਾਲ ਸਿੰਗਲ ਅਤੇ ਬਲਦੇਵ ਸਿੰਘ ਬੱਧਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, 2013, ਪੰਨਾ 45

[18]. ਉਹੀ, ਪੰਨਾ 51

[19]. ਉਹੀ, ਪੰਨਾ 33

[20]. ਉਹੀ, ਪੰਨਾ 36

[21]. ਉਹੀ, ਪੰਨਾ 42

Cite this Article:

ਡਾ. ਮਨਦੀਪ ਸਿੰਘ (2026). ਸ਼ਾਹ ਹੁਸੈਨ ਕਾਵਿ: ਵਿਸਮਾਦੀ ਅਨੁਭਵ. International Journal of Multidisciplinary Research in Arts, Science and Technology (IJMRAST), 4(10), 70–77.

Journal URL: *https://ijmrast.com/* ***DOI:*** *https://doi.org/10.59828/ijmrast.v4i10.329*

This work is licensed under a Creative Commons Attribution-Non-Commercial 4.0 International License.

© The Author(s) 2026**.** IJMRAST Published by Surya Multidisciplinary Publication.

Disclaimer/Publisher's Note*: The author(s) are solely responsible for the content and claims of this article. The publisher and editors assume no legal liability for any errors, copyright violations, or damages arising from its use.*